ਅਕਸਰ ਪੁੱਛੇ ਜਾਂਦੇ ਸਵਾਲ

# ਯੂਟਿਲਿਟੀ ਬਿੱਲਾਂ ਬਾਰੇ

## ਮੇਰੇ ਫੋਨ/ਈਮੇਲ ਦਾ ਜਵਾਬ ਦੇਣ ਲਈ ਸਟਾਫ ਏਨਾਂ ਸਮਾਂ ਕਿਉਂ ਲਾਉਂਦਾ ਹ?

ਤੁਹਾਡੀ ਧੀਰਜ ਲਈ ਧੰਨਵਾਦ, ਕਿਉਂਕਿ ਇਸ ਸਮੇਂ ਅਸੀਂ ਔਸਤ ਨਾਲੋਂ ਜ਼ਿਆਦਾ ਬੇਨਤੀਆਂ ਪ੍ਰਾਪਤ ਕਰ ਰਹੇ ਹਾਂ ਅਤੇ ਅਸੀਂ ਹਰੇਕ ਬੇਨਤੀ ਨਾਲ ਪੂਰੀ ਤਰ੍ਹਾਂ ਅਤੇ ਸਹੀ ਰੂਪ ‘ਚ ਨਿਪਟਣਾ ਚਾਹੁੰਦੇ ਹਾਂ।ਅਸੀਂ ਹਰੇਕ ਬੇਨਤੀ ਨਾਲ ਉਸ ਸਮੇਂ ਦੀ ਤਰਤੀਬ ਅਨੁਸਾਰ ਨਿਪਟ ਰਹੇ ਹਾਂ ਜਿਸ ‘ਚ ਉਹ ਪ੍ਰਾਪਤ ਹੋਈਆਂ ਸਨ ਅਤੇ ਅਸੀਂ ਤੁਹਾਡੀ ਬੇਨਤੀ ਦੇ ਹੱਲ ਲਈ ਤੁਹਾਡੇ ਨਾਲ ਜਿੰਨੀ ਜਲਦੀ ਸੰਭਵ ਹੋ ਸਕਿਆ ਸੰਪਰਕ ਕਰਾਂਗੇ।

ਮਈ 2023 ‘ਚ ਸਿਟੀ ਆਫ ਐਬਟਸਫੋਰਡ ਨੇ ਮੌਜੂਦਾ ਐਡਵਾਂਸਡ ਮੀਟ੍ਰਿੰਗ ਇੰਨਫ੍ਰਾਸਟ੍ਰੱਕਚਰ (ਔਮੀ) ਨੂੰ ਬਦਲਣਾ ਅਰੰਭ ਕੀਤਾ ਸੀ। ਜਿਵੇਂ ਜਿਵੇਂ ਅਸੀਂ ਇਸ ਨੂੰ ਪੂਰਿਆਂ ਕਰਨ ਦੇ ਨੇੜੇ ਪਹੁੰਚ ਰਹੇ ਹਾਂ, ਹੋਰ ਵਧੇਰੇ ਮੀਟਰਾਂ ਨੂੰ ਪੁਰਾਣੇ ਸਿਸਟਮ ਤੋਂ ਲਾਹ ਕੇ ਨਵੇਂ ਸਰਵਿਸ ਸਿਸਟਮ ‘ਚ ਤਬਦੀਲ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ, ਇਸ ਤਬਦੀਲੀ ਨੇ ਸਾਨੂੰ ਪ੍ਰਾਪਤ ਹੁੰਦੀਆਂ ਬੇਨਤੀਆਂ ਦੀ ਗਿਣਤੀ ਨੂੰ ਵਧਾ ਦਿੱਤਾ ਹੈ। ਜੇਕਰ ਤੁਸੀਂ ਇਸ ਨਵੇਂ ਔਮੀ ਸਿਸਟਮ ਬਾਰੇ ਵਧੀਕ ਜਾਣਕਾਰੀ ਲੈਣੀ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਵੇਖੋ: **ਐਡਵਾਂਸਡ ਮੀਟ੍ਰਿਗ ਇੰਨਫ੍ਰਾਸਟ੍ਰੱਕਚਰ ਰਿਪਲੇਸਮੈਂਟ ਪ੍ਰੋਗਰਾਮ।ਸਿਟੀ ਆਫ ਐਬਟਸਫੋਰਡ**

## ਮੇਰਾ ਬਿੱਲ ਏਨਾਂ ਵੱਧ ਕਿਉਂ?

ਕੁਝ ਕੁ ਕਾਰਨ ਹਨ ਜਿੰਨ੍ਹਾਂ ਕਰਕੇ ਤੁਹਾਡਾ ਬਿੱਲ ਵਧਿਆ ਹੋ ਸਕਦਾ ਹੈ। ਇਹ ਇਸ ਕਰਕੇ ਹੋ ਸਕਦਾ ਹੈ:

- ਤੁਹਾਡੇ ਬਿਲਿੰਗ ਦੇ ਚੱਕਰ ‘ਚ ਦਿਨਾਂ ਦੀ ਗਿਣਤੀ ਵਧ ਗਈ ਹੋਵੇ;
- ਤੁਹਾਡੀ ਪ੍ਰਾਪਰਟੀ ‘ਤੇ ਪਾਣੀ ਲਗਾਤਾਰ ਚੱਲਦਾ ਰਹਿੰਦਾ ਹੋ ਸਕਦਾ ਹੈ, ਜਿਸ ਦਾ ਨਤੀਜਾ ਤੁਹਾਡੇ ਯੂਟਿਲਿਟੀ ਬਿੱਲ ‘ਚ ਵਾਧਾ ਹੋ ਸਕਦਾ ਹੈ;
- ਕੋਈ ਪਿਛਲਾ ਬਿੱਲ ਹੋ ਪੂਰਾ ਨਹੀਂ ਸੀ ਤਾਰਿਆ ਅਤੇ ਉਸਦੀ ਬਕਾਇਆ ਪੇਮੈਂਟ ਤੁਹਾਡੇ ਮੌਜੂਦਾ ਬਿੱਲ ਸਟੇਟਮੈਂਟ ‘ਚ ਜੁੜੀ ਹੋ ਸਕਦੀ ਹੈ;
- ਤੁਹਾਡੇ ਪਿਛਲੇ ਬਿੱਲਾਂ ਦਾ ਪਹਿਲਾਂ ਅਨੁਮਾਨ ਲਾਇਆ ਗਿਆ ਹੋਵੇ। ਤੁਸੀਂ ਆਪਣੇ ਪਹਿਲੇ ਬਿੱਲਾਂ ਨੂੰ ਵੇਖ ਕੇ ਪਤਾ ਲਾ ਸਕਦੇ ਹੋ ਕਿ ਇਹ ਗੱਲ ਤਾਂ ਨਹੀਂ ਸੀ। ਜੇਕਰ ਤੁਹਾਨੂੰ ਪਤਾ ਲੱਗੇ ਕਿ ਤੁਹਾਡੇ ਬਿੱਲਾਂ ਦਾ ਅਨੁਮਾਨ ਲਾਇਆ ਗਿਆ ਹੈ, ਤੁਹਾਡੀ ਅਗਲੀ ਮੈਨੂਅਲ ਮੀਟਰ ਪੜ੍ਹਤ ਪਹਿਲਾਂ ਘੱਟ ਅਨੁਮਾਨਤ ਕੀਤੀ ਖਤਪ ਨੂੰ ਇੱਥੇ ਪੂਰਿਆਂ ਕਰੇਗੀ ਅਤੇ ਨਤੀਜੇ ਵਜੋਂ ਤੁਹਾਡਾ ਯੂਟਿਲਿਟੀ ਬਿੱਲ ਆਮ ਨਾਲੋਂ ਵੱਧ ਹੋ ਸਕਦਾ ਹੈ।

## ਮੇਰਾ ਬਿੱਲ ਜ਼ੀਰੋ ਡਾਲਰ ਹੈ, ਪਰੰਤੂ ਅਸੀਂ ਵੀ ਪਾਣੀ ਵਰਤ ਰਹੇ ਹਾਂ, ਕਿਉਂ?

ਤੁਹਾਡਾ ਪਹਿਲਾ ਬਿੱਲ ਵੱਧ ਅਨੁਮਾਨ ਕੀਤਾ ਹੋ ਸਕਦਾ ਹੈ। ਕਿਰਪਾ ਕਰਕੇ ਆਪਣੇ ਪੁਰਾਣੇ ਬਿੱਲਾਂ ਦੀ ਪੜਤਾਲ ਕਰੋ ਤੇ ਵੇਖੋ ਕਿ ਕੀ ਉਹ ਅਨੁਮਾਨਤ ਕੀਤੇ ਗਏ ਸਨ। ਜੇਕਰ ਤੁਹਾਨੂੰ ਪਤਾ ਲੱਗੇ ਕਿ ਉਹ ਅਨੁਮਾਨਤ ਕੀਤੇ ਗਏ ਸਨ ਤਾਂ ਤਹਾਡੀ ਅਗਲੀ ਮੈਨੂਅਲ ਮੀਟਰ ਪੜ੍ਹਤ ਤੁਹਾਡੇ ਪਹਿਲਾਂ ਵਾਲੇ ਵੱਧ ਅਨੁਮਾਨ ਕੀਤੇ ਗਏ ਬਿੱਲਾਂ ਨੂੰ ਬਰਾਬਰ ਕਰ ਲਏਗੀ, ਜਿਸਦਾ ਨਤੀਜਾ ਜ਼ੀਰੋ ਡਾਲਰ ਬਿੱਲ ਹੋਵੇਗਾ; ਜਾਂ ਇਹ ਕਿਸੇ ਮਕਾਨੀਕਲ ਨੁਕਸ ਕਰਕੇ ਹੋ ਸਕਦਾ ਹੈ। ਜੇਕਰ ਮੀਟਰ ਫੇਲ ਹੋ ਜਾਂਦਾ ਹੈ ਤਾਂ ਇਹ ਖਪਤਕਾਰ ਦੇ ਹੱਕ ‘ਚ ਅਜਿਹਾ ਕਰਦਾ ਹੈ ਅਤੇ ਇਸਦਾ ਨਤੀਜਾ ਘੱਟ ਬਿੱਲ ਜਾਂ ਜ਼ੀਰੋ-ਡਾਲਰ ਬਿੱਲ ਹੋ ਸਕਦਾ ਹੈ।

## ਮੇਰੇ ਮੀਟਰ ਬਾਕਸ ‘ਚੋਂ ਪਾਣੀ ਵਗ ਰਿਹਾ ਹੈ।ਮੈਂ ਕੀ ਕਰਾਂ?

ਕਿਰਪਾ ਕਰਕੇ ਸਿਟੀ ਆਫ ਐਬਟਸਫੋਰਡ ਦੀ ਆਪਰੇਸ਼ਨ ਟੀਮ ਨਾਲ ਸੰਪਰਕ ਕਰੋ।ਉਹ ਕਿਸੇ ਆਪਰੇਟਰ ਨੂੰ ਪੜਤਾਲ ਕਰਨ ਵਾਸਤੇ ਭੇਜ ਦੇਣਗੇ।

ਦਿਨ ਵੇਲੇ ਦਾ ਫੋਨ: 604-853-5485
ਦਫਤਰੀ ਸਮੇਂ ਤੋਂ ਬਾਦ ਫੋਨ: 604-864-5552 (ਬਾਦ ਦੁਪਹਿਰ 3:30 ਤੋਂ ਮਗਰੋਂ)

## ਮੈਨੂੰ ਸ਼ੱਕ ਹੈ ਕਿ ਮੇਰੇ ਕਿਤੇ ਲੀਕ ਹੈ। ਮੈਂ ਕਿੱਥੇ ਚੈੱਕ ਕਰ ਸਕਦਾ/ਸਕਦੀ ਹਾਂ?

ਪੜਤਾਲ ਕੀਤੇ ਜਾਣ ਵਾਲੇ ਆਮ ਥਾਵਾਂ ‘ਚ ਸ਼ਾਮਲ ਹਨ (ਪਰੰਤੂ ਇੱਥੋਂ ਤੱਕ ਹੀ ਸੀਮਤ ਨਹੀਂ): ਟਾਇਲਟਾਂ, ਗਰਮ ਪਾਣੀ ਵਾਲੇ ਟੈਂਕ, ਪ੍ਰੈਸ਼ਰ ਰੈਗੂਲੇਟਿੰਗ ਵਾਲਵ (ਫ੍ਰੜ), ਟੂਟੀਆਂ, ਟੈਪਾਂ, ਰੈਫਰਿਜਰੇਟਰ (ਪਾਣੀ/ਬਰਫ ਵਾਲਾ) ਅਤੇ ਸਿੰਚਾਈ ਸਿਸਟਮ।

## ਮੈਂ ਮੂਵ ਹੋ ਰਿਹਾ/ਰਹੀ ਹਾਂ।ਮੈਂ ਆਪਣਾ ਯੂਟੀਲਿਟੀ ਬਿੱਲ ਕਿਵੇਂ ਕੈਂਸਲ ਕਰ ਸਕਦਾ/ਸਕਦੀ ਹਾਂ?

ਜੇਕਰ ਤੁਸੀਂ ਆਪਣੀ ਪ੍ਰਾਪਰਟੀ ਵੇਚ ਦਿੱਤੀ ਹੈ, ਤਾਂ ਤੁਹਾਡਾ ਵਕੀਲ ਜਾਂ ਨੋਟਰੀ ਅੰਤਮ ਯੂਟਿਲਿਟੀ ਬਿੱਲ ਬਾਰੇ ਬੇਨਤੀ ਕਰੇਗਾ ਅਤੇ ਤੁਸੀਂ ਇਹ ਐਡਜਸਟਮੈਂਟ ਆਪਣੀ ਸਟੇਟਮੈਂਟ ਆਫ ਐਡਜਸਟਮੈਂਟ ‘ਤੇ ਵੇਖੋਗੇ। ਜੇਕਰ ਤੁਸੀਂ ਲੈਂਡਲਾਰਡ ਜਾਂ ਲੀਗਲ ਆਫਿਸ ਹੋ, ਤਾਂ ਕਿਰਪਾ ਕਰਕੇ ਉਬਬੋਟਸਡੋਰਦ.ਚਉ ‘ਤੇ ਜਾਉ ਅਤੇ “ਫਾਈਨਲ ਯੂਟਿਲਿਟੀ ਬਿੱਲ ਰਿਕੁਐਸਟ ਫਾਰਮ” ਲੱਭੋ। ਫਾਰਮ ਨੂੰ ਭਰੋ ਅਤੇ ਫਾਰਮ ‘ਤੇ ਦਿੱਤੀ ਗਈ ਈਮੇਲ ‘ਤੇ ਇਸਨੂੰ ਭੇਜ ਦਿਉ।

## ਮੇਰਾ ਖਿਆਲ ਹੈ ਕਿ ਮੇਰੀ ਟਾਇਲਟ ਚੱਲਦੀ ਰਹਿੰਦੀ ਹੈ। ਮੈਂ ਕਿਵੇਂ ਚੈੱਕ ਕਰ ਸਕਦਾ/ਸਕਦੀ ਹਾਂ?

ਤੁਸੀਂ ਇਸ ਲਿੰਕ ਦੇ ਅਨੁਸਾਰ ਚੱਲਦਿਆਂ ਹੋਇਆਂ ਆਪਣੀਆਂ ਟਾਇਲਟਾਂ ਨੂੰ ਕਿਵੇਂ ਚੈੱਕ ਕਰਨਾਂ ਹੈ, ਇਸ ਬਾਰੇ ਜਾਣਕਾਰੀ ਲੈ ਸਕਦੇ ਹੋ: 2024 ਡਾਈ ਟੈਸਟਿੰਗ ਯੂਅਰ ਟਇਲਟਸ-ਇੰਸਟ੍ਰੱਕਸ਼ਨਜ਼। ਜਾਂ ਫਿਰ ਤੁਸੀਂ ਸਿਟੀ ਹਾਲ ਚੌਥੇ ਫਲੋਰ ਕਾਊਂਟਰ ‘ਤੇ ਸਾਡੇ ਕੋਲ ਆ ਸਕਦੇ ਹੋ ਅਤੇ ਅਸੀਂ ਤੁਹਾਨੂੰ ਆਪਣੇ ਘਰ ਵਿਚਲੀਆਂ ਟਾਇਲਟਾਂ ਚੈੱਕ ਕਰਨ ਲਈ ਹਿਦਾਇਤਾਂ ਅਤੇ ਡਾਈ ਟੈਬਾਂ ਦੇ ਦੇਵਾਂਗੇ।

## ਮੈਂ ਇਕ ਟੁੱਟੀ/ਖਰਾਬ ਫਿਕਸਚਰ ਫਿਕਸ ਕੀਤੀ/ਹੋਜ਼ ਚੱਲਦੀ ਰਹਿਣ ਦਿੱਤੀ/ਗਰਮੀਆਂ ‘ਚ ਸਿੰਚਾਈ ਕੀਤੀ। ਮੇਰਾ ਬਿੱਲ ਕੋਈ ਵਧਿਆ ਨਹੀਂ, ਕੀ ਇਹ ਆਮ ਗੱਲ ਹੈ?

ਜੇਕਰ ਤੁਹਾਡੀ ਵਰਤੋਂ ਅਨੁਮਾਨ ਕੀਤੀ ਹੋਈ ਹੈ, ਇਹ ਸੰਭਵ ਹੈ ਕਿ ਸਾਰੀ ਖਪਤ ਦਾ ਹਿਸਾਬ ਕਿਤਾਬ ਨਹੀਂ ਹੋਇਆ ਅਤੇ ਇਹ ਤੁਹਾਡੀ ਅਗਲੀ ਮੈਨੂਅਲ ਪੜ੍ਹਤ ‘ਤੇ ਦਰਸਾਈ ਜਾਵੇਗੀ।

## ਜੇਕਰ ਮੇਰੇ ਪਾਣੀ ਦੀ ਮੁੱਖ ਲਾਈਨ ਟੁੱਟ/ਖਰਾਬ ਹੋ ਜਾਂਦੀ ਹੈ, ਇਹ ਕਿਸਦੀ ਜ਼ਿੰਮੇਵਾਰੀ ਹੈ?

ਸਿਟੀ ਆਫ ਐਬਟਸਫੋਰਡ ਪਾਣੀ ਦੇ ਮੀਟਰ ਤੱਕ ਸਰਵਿਸ ਕਰਦਾ ਹੈ।ਘਰ ਅਤੇ ਮੀਟਰ ਦੇ ਦਰਮਿਆਨ ਦਾ ਕੁਝ ਵੀ ਘਰ ਦੇ ਮਾਲਕ ਦੀ ਜ਼ਿੰਮੇਵਾਰੀ ਹੋਵੇਗੀ।

## ਮੈਂ ਆਪਣੇ ਯੂਟਿਲਿਟੀ ਬਿੱਲ ਬਾਰੇ ਸਿਟੀ ਦੇ ਸਟਾਫ ਨਾਲ ਕਿਵੇਂ ਗੱਲਬਾਤ ਕਰ ਸਕਦਾ/ਸਕਦੀ ਹਾਂ?

ਸਭ ਤੋਂ ਤੇਜ਼ ਤਰੀਕਾ ਹੈ ਕਿ ਸਾਡੇ ਕੋਲ ਸਿਟੀ ਹਾਲ ਕਾਊਂਟਰ ‘ਤੇ ਆਉ।ਇਹ ਇੰਨਕੁਆਰੀਆਂ ਲਈ ਸੋਮਵਾਰ - ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲ੍ਹਦਾ ਹੈ।

ਤੁਸੀਂ ਸਾਨੂੰ **wateruse@abbotsford.ca** ‘ਤੇ ਈਮੇਲ ਵੀ ਕਰ ਸਕਦੇ ਹੋ ਅਤੇ ਅਸੀਂ ਇਸਦਾ ਪ੍ਰਾਪਤ ਹੋਣ ਦੀ ਤਰਤੀਬ ਅਨੁਸਾਰ ਜਵਾਬ ਦੇਵਾਂਗੇ।ਤੁਸੀਂ ਸਾਨੂੰ 604-864-5511 ’ਤੇ ਵੀ ਫੋਨ ਕਰ ਸਕਦੇ ਹੋ, ਸਾਡੇ ਲਈ ਆਪਣਾ ਨਾਂ, ਖਾਤਾ ਨੰਬਰ, ਫੋਨ ਨੰਬਰ ਅਤੇ ਫੋਨ ਕਰਨ ਦਾ ਕਾਰਨ ਛੱਡ ਦਿਉ। ਅਸੀਂ ਤੁਹਾਡਾ ਖਾਤਾ ਵੇਖਾਂਗੇ ਅਤੇ ਤੁਹਾਡੀ ਬੇਨਤੀ ਦੇ ਪ੍ਰਾਪਤ ਹੋਣ ਦੀ ਤਰਤੀਬ ਅਨੁਸਾਰ ਜਵਾਬ ਦੇਵਾਂਗੇ।

## ਮੈਂ ਆਪਣੀਆਂ ਸੇਵਾਵਾਂ ਕਿਵੇਂ ਕਟਵਾ ਸਕਦਾ/ਮੁੜ ਜੁੜਵਾ ਸਕਦਾ ਜਾਂ ਅੱਪਗਰੇਗ ਕਰ ਸਕਦਾ/ਸਕਦੀ ਹਾਂ?

ਕਿਰਪਾ ਕਰਕੇ ਆਪਣੇ ਬੇਨਤੀ **utilitypermits@abbotsford.ca** ‘ਤੇ ਈਮੇਲ ਕਰੋ।

FAQ